ਪੁਸਤਕ ਪ੍ਰੀਚੈ

# ਮੁੰਦਾਵਣੀ

*[ਸ: ਤ੍ਰਿਲੋਚਨ ਸਿੰਘ ਤਰਸੀ (ਡਾ.), ਮੁਹਾਲੀ]*

ਲੇਖਕ : ਗਿਆਨੀ ਗੁਰਦਿੱਤ ਸਿੰਘ
ਪੰਨੇ : 302
ਦਿੱਖ, ਛਪਾਈ ਅਤੇ ਚਿੱਤਰ : ਬਹੁਤ ਆਕਰਸ਼ਕ
ਮੁੱਲ : 400/- ਰੁਪਏ

ਗਿਆਨੀ ਗੁਰਦਿੱਤ ਸਿੰਘ ਇਕ ਸਿਖ ਵਿਦਵਾਨ ਵਜੋਂ 1945 ਈ: ਤੋਂ ਹੀ ਜਾਣੇ ਜਾਣ ਲੱਗ ਪਏ ਸਨ ਅਤੇ ਪ੍ਰਿੰਸੀਪਲ ਤੇਜਾ ਸਿੰਘ ਨੇ ਵੀ ਉਨ੍ਹਾਂ ਦੀ ਵਿਦਵਤਾ, ਨਿਮਰਤਾ ਪਰ ਦ੍ਰਿੜ੍ਹਤਾ ਨਾਲ ਆਪਣਾ ਪੱਖ ਸਿੱਧ ਕਰਨ ਦੀ ਰੁਚੀ ਨੂੰ ਸਵੀਕਾਰ ਕਰਦੇ ਹੋਏ ਸ਼ਬਦਾਰਥ ਦੀਆਂ ਸੈਂਚੀਆਂ ਦੇ ਦੂਜੇ ਹੀ ਐਡੀਸ਼ਨ ਦੀ ਭੂਮਿਕਾ ਵਿੱਚੋਂ ਇਹ ਸੂਚਨਾ ਕੱਢ ਦੇਣ ਦੀ ਹਦਾਇਤ ਆਪਣੇ ਪ੍ਰਕਾਸ਼ਕ ਨੂੰ ਦੇ ਦਿੱਤੀ ਸੀ ਕਿ ਮੂਲ ਪਾਠ ਕਿਸ ਬੀੜ ਨਾਲ ਸੋਧਿਆ ਗਿਆ ਹੈ।

'ਮੁੰਦਾਵਣੀ' ਸ਼ਬਦ ਦੇ ਅਰਥ, ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਤੋਂ ਪਹਿਲਾਂ ਭਾਈ ਮਨੀ ਸਿੰਘ ਦੀ ਰਚਨਾ *ਸਿੱਖਾਂ ਦੀ ਭਗਤਮਾਲ*, ਭਾਈ ਸੰਤੋਖ ਸਿੰਘ ਰਚਿਤ *ਗੁਰ ਪ੍ਰਤਾਪ ਸੂਰਜ ਗ੍ਰੰਥ*, ਗਿਆਨੀ ਗਿਆਨ ਸਿੰਘ ਰਚਿਤ *ਤਵਾਰੀਖ਼ ਗੁਰੂ ਖ਼ਾਲਸਾ*, ਅਨੇਕ ਪ੍ਰਾਚੀਨ ਸਿਖ ਵਿਦਵਾਨਾਂ ਵੱਲੋਂ ਕੀਤੇ ਗੁਰਬਾਣੀ ਦੇ ਟੀਕਿਆਂ ਅਤੇ ਪ੍ਰਯਾਇਆਵਾਂ ਵਿਚ 'ਮੁੰਦਨਾ', 'ਮੋਹਰਛਾਪ' ਜਾਂ 'ਸਮਾਪਤੀ' ਦੀ ਰਚਨਾ ਮੰਨਿਆ ਗਿਆ ਹੈ, ਪਰ *ਮੁੰਦਾਵਣੀ* ਪੁਸਤਕ ਵਿਚ ਇਸ ਸ਼ਬਦ ਦੇ ਇਹ ਅਰਥ ਸਿੱਧ ਕਰਨ ਲਈ ਕੇਵਲ ਉਪਰੋਕਤ ਪ੍ਰਸਿੱਧ ਵਿਦਵਾਨਾਂ ਨੂੰ ਹੀ ਗਵਾਹ ਨਹੀਂ ਬਣਾਇਆ ਗਿਆ; ਸਗੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਾਚੀਨ ਹੱਥ-ਲਿਖਤ ਬੀੜਾਂ ਦੇ ਤਤਕਰੇ ਅਤੇ ਅੰਤਮ ਪੰਨੇ ਦੇ ਚਿੱਤਰ ਦੇ ਕੇ ਸਿੱਧ ਕੀਤਾ ਗਿਆ ਹੈ ਕਿ ਗੁਰੂ ਹਰਿਗੋਬਿੰਦ ਜੀ, ਗੁਰੂ ਹਰਿਰਾਇ ਜੀ, ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖ਼ਤਾਂ ਵਾਲੀਆਂ ਹੱਥ-ਲਿਖਤਾਂ ਬੀੜਾਂ ਤੋਂ ਲੈ ਕੇ, ਉੱਨੀਵੀਂ ਸਦੀ ਦੇ ਆਰੰਭ ਤਕ ਲਿਖੀਆਂ ਗਈਆਂ ਬੀੜਾਂ ਦਾ ਭੋਗ ਵੀ ਮੁੰਦਾਵਣੀ ਮਹਲਾ ੫ ਦੇ ਸਲੋਕ "ਤੇਰਾ ਕੀਤਾ ਜਾਤੋ ਨਾਹੀ" ਦੀ ਅੰਤਲੀ ਤੁਕ "ਤਨੁ ਮਨੁ ਥੀਵੈ ਹਰਿਆ" ਉਪਰ ਪੈਂਦਾ ਹੈ। ਕੁਝ ਹੱਥ-ਲਿਖਤ ਬੀੜਾਂ ਵਿਚ ਤਾਂ ਇਸ ਤੁਕ ਪਿੱਛੋਂ "ਏਹੁ ਭੋਗ ਸ੍ਰੀ ਗ੍ਰੰਥ ਜੀ ਹੈ" ਦੀ ਮਹੱਤਵਪੂਰਨ ਸੂਚਨਾ ਵੀ ਲਿਖੀ ਮਿਲਦੀ ਹੈ। ਕੁਝ ਬੀੜਾਂ ਦਾ ਤਤਕਰਾ 'ਜਪੁ ਗੁਰੂ ਰਾਮਦਾਸ ਜੀਉ ਕਿਆਂ ਦਸਤਖਤਾਂ ਕੀ ਨਕਲੁ' ਤੋਂ ਆਰੰਭ ਹੁੰਦੀ ਹੈ। 'ਏਹੁ ਗ੍ਰੰਥ ਜੀ ਸ੍ਰੀ ਆਦਿ ਗ੍ਰੰਥ ਜੀ ਨਾਲ ਸੋਧਿਆ ਹੋਇਆ ਹੈ ਲਗ ਮਾਤਰ ਕੰਨਾ ਜਿਉ ਕਾ ਤਿਉ ਰਖਣਾ।' ਦੀ ਸੂਚਨਾ ਵੀ ਇਕ ਬੀੜ ਦੇ ਆਰੰਭ ਵਿਚ ਪੂਰੇ ਸਫ਼ੇ 'ਤੇ ਲਿਖੀ ਮਿਲਦੀ ਹੈ। ਇਨ੍ਹਾਂ ਬੀੜਾਂ ਦਾ ਭੋਗ ਵੀ ਮੁੰਦਾਵਣੀ 'ਤੇ ਹੀ ਪੈਂਦਾ ਹੈ, ਭਾਵ ਰਾਗਮਾਲਾ ਇਨ੍ਹਾਂ ਵਿਚ ਸ਼ਾਮਲ ਨਹੀਂ। ਲੇਖਕ ਨੇ ਇਹ ਚਿੱਤਰ ਸਾਗਰੀ (ਰਾਵਲਪਿੰਡੀ), ਗੋਂਦਲਾ (ਗੁਜਰਾਂਵਾਲਾ), ਸ੍ਰੀ ਅੰਮ੍ਰਿਤਸਰ, ਪਟਿਆਲਾ, ਪਟਨਾ ਸਾਹਿਬ, ਹਜ਼ੂਰ ਸਾਹਿਬ, ਮੁੰਗੇਰ ਅਤੇ ਅਨੇਕ ਹੋਰ ਸਥਾਨਾਂ 'ਤੇ ਆਪ ਜਾ ਕੇ ਬੀੜਾਂ ਦੀ ਖੋਜ ਕਰਦਿਆਂ ਲਏ ਹਨ। ਇੰਜ, ਇਹ ਪੁਸਤਕ ਪੁਰਾਤਨ ਹੱਥ-ਲਿਖਤ ਬੀੜਾਂ ਦੇ ਚਿੱਤਰਾਂ ਦੀ ਆਰਟ-ਗੈਲਰੀ ਬਣ ਗਈ ਹੈ। ਵਧੀਆ ਆਰਟ ਪੇਪਰ 'ਤੇ ਛਪੇ ਚਿੱਤਰ ਸੱਚਮੁੱਚ ਸੰਭਾਲਣ ਯੋਗ ਹਨ।

ਰਾਗ ਪ੍ਰਬੰਧ ਅਤੇ ਰਾਗਮਾਲਾ ਸੰਬੰਧੀ ਜਾਣਕਾਰੀ ਦੇਣ ਲਈ ਲੇਖਕ ਨੇ ਅਕਬਰ ਬਾਦਸ਼ਾਹ ਦੇ ਸਮੇਂ ਤੋਂ ਪਹਿਲਾਂ ਦੇ ਰਾਗ ਆਚਾਰੀਆਂ ਤੋਂ ਲੈ ਕੇ ਵੀਹਵੀਂ ਸਦੀ ਤਕ ਦੇ ਵਿਦਵਾਨਾਂ ਦੀਆਂ ਰਚਨਾਵਾਂ ਦੇ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਰਾਗਮਾਲਾ ਵਿਚਲੇ ਰਾਗ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਰਾਗਾਂ ਨਾਲ ਮੇਲ ਨਹੀਂ ਖਾਂਦੇ।

ਹਿੰਦੀ ਸਾਹਿੱਤ ਦੇ ਵਿਦਵਾਨਾਂ ਵੱਲੋਂ ਹੁਣ ਤਕ ਕਵੀ ਆਲਮ ਸੰਬੰਧੀ ਹੋਈ ਖੋਜ ਦਾ ਲੇਖਾ-ਜੋਖਾ ਕਰਦਿਆਂ ਪੁਸਤਕ ਵਿਚ ਪ੍ਰਗਟ ਕੀਤਾ ਗਿਆ ਹੈ ਕਿ ਰਾਗਮਾਲਾ ਅਸਲ ਵਿਚ ਕਵੀ ਆਲਮ ਨੇ 991 ਹਿਜਰੀ ਵਿਚ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ 21 ਵਰ੍ਹੇ ਪਹਿਲਾਂ ਲਿਖੇ ਪ੍ਰੇਮਾਖ਼ਿਆਨ *ਮਾਧਵਾਨਲ ਕਾਮਕੰਦਲਾ* ਵਿਚ ਲਿਖੀ ਸੀ, ਜਿਥੋਂ ਭਾਈ ਬੰਨੋ ਜੀ ਨੇ ਆਪਣੀ ਹੱਥ-ਲਿਖਤ ਬੀੜ ਵਿਚ ਵਾਧੂ ਬਾਣੀਆਂ ਨਾਲ ਉਤਾਰੀ।

ਅੰਦਰਲੀ ਸਮੱਗਰੀ ਵਾਂਗ ਹੀ ਪੁਸਤਕ ਦੀ ਛਪਾਈ ਅਤੇ ਉਪਰਲੀ ਦਿੱਖ ਵੀ ਪ੍ਰਸੰਸਾਯੋਗ ਹੈ। ਇਸੇ ਪੱਧਰ ਦੀਆਂ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੀਆਂ ਵਿਦੇਸ਼ੀ ਪ੍ਰਕਾਸ਼ਨਾਂ ਨਾਲੋਂ ਇਸ ਪੁਸਤਕ ਦਾ ਮੁੱਲ 400/- ਰੁਪਏ ਬਹੁਤ ਹੀ ਵਾਜਬ ਹੈ। ਸਰਵਰਕ ਦਾ ਰਾਤ ਦੇ ਫੈਲਦੇ ਹਨੇਰੇ ਵਿਚ ਢਲਦੀ ਸ਼ਾਮ ਦੇ ਚਾਨਣ ਵਾਲੇ ਰੰਗਾਂ ਦਾ ਚਿੱਤਰ ਅਤੇ ਪੁਸਤਕ ਦੇ ਅੰਤਲੇ ਸਰਵਰਕ ਉਪਰ ਹਿੰਦੀ ਵਿਦਵਾਨਾਂ ਦੇ ਗ੍ਰੰਥਾਂ ਵਿੱਚੋਂ ਦਿੱਤੀਆਂ ਚੋਣਵੀਆਂ ਟਿੱਪਣੀਆਂ ਵੀ ਪੁਸਤਕ ਦੇ ਅਰਥ-ਸੰਚਾਰ ਦਾ ਅੰਗ ਬਣ ਗਈਆਂ ਹਨ। ਲੇਖਕ ਨੇ ਇਸ ਮਹਾਨ ਗ੍ਰੰਥ ਲਈ ਬਹੁਤ ਕਠਿਨ ਘਾਲਣਾ ਘਾਲੀ ਹੈ। •

**ਇਹ ਪੁਸਤਕ ਅਖੰਡ ਕੀਰਤਨੀ ਜਥੇ ਵੱਲੋਂ ਅਖੰਡ ਕੀਰਤਨ ਸਮਾਗਮਾਂ ਸਮੇਂ 'ਆਤਮ ਰੰਗ' ਦੇ ਸਟਾਲ ਤੋਂ ਅਤੇ ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ ਜਾਂ ਸਿਟੀ ਸੈਂਟਰ (ਨੇੜੇ ਬਸ ਸਟੈਂਡ) ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।**